# PAPER-II
# PUNJABI

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

OMR Sheet No. : ..............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

**D 2 4 1 3**

Time : **1 $^1/_4$** hours] [Maximum Marks : **100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the items are to be indicated in the **OMR Sheet given inside the Paper I Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means such as change of response by scratching or using white fluid, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण** : Ⓐ Ⓑ ● Ⓓ
   जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

# PUNJABI
# ਪੰਜਾਬੀ
## Paper-II
## ਪ੍ਰਸ਼ਨ ਪੱਤਰ-II

**Note :** This paper contains **fifty (50)** objective type questions, each question carrying **two (2)** marks. Attempt **all** the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਦਿਓ ।

**1.** ਪੂਰਬੀ ਤੇ ਪੱਛਮੀ ਪੰਜਾਬੀ ਵਿਚ ਅੰਤਰ ਹੈ :

(A) ਭਾਸ਼ਾ ਪਰਿਵਾਰ ਦਾ

(B) ਸਘੋਸ਼ ਮਹਾਪ੍ਰਾਣ ਧੁਨੀਆਂ ਦਾ

(C) ਭਾਸ਼ਾ ਸ੍ਰੋਤ ਦਾ

(D) ਅਘੋਸ਼ ਮਹਾਪ੍ਰਾਣ ਧੁਨੀਆਂ ਦਾ

**2.** ਵਾਕ-ਸੁਰ ਦਾ ਸੰਬੰਧ ਹੈ :

(A) ਸੁਰਾਂ ਦੀ ਮਾਤਰਾ ਨਾਲ

(B) ਸੁਰਾਂ ਦੀ ਤਰਤੀਬ ਨਾਲ

(C) ਕੰਠੀ ਧੁਨੀਆਂ ਨਾਲ

(D) ਪਿੱਚ ਦੀ ਰਫ਼ਤਾਰ ਨਾਲ

**3.** ਧੁਨੀ-ਪਰਿਵਰਤਨ ਨਾਲ ਸੰਬੰਧਿਤ ਭਾਸ਼ਾ-ਵਿਗਿਆਨੀ ਹਨ :

(A) ਸੁਨੀਤੀ ਕੁਮਾਰ ਚੈਟਰਜੀ

(B) ਗ੍ਰਾਸਮੈਨ

(C) ਜਾਰਜ ਗ੍ਰੀਅਰਸਨ

(D) ਬਲੂਮਫ਼ੀਲਡ

**4.** ਇਕਵਚਨ, ਦੂਜਾ ਪੁਰਖ ਲਈ ਸਹਾਇਕ ਕ੍ਰਿਆ ਹੈ :

(A) ਸਾਂ/ਸੀ (B) ਸੋ/ਸੀ

(C) ਸੀ/ਸੈਂ (D) ਸੋ/ਸਨ

**5.** ਸੰਗਰਚਨਾਤਮਕ ਭਾਸ਼ਾ-ਵਿਗਿਆਨ ਦੇ ਲੱਛਣ ਹਨ :

(A) ਇਕਾਲਕ, ਲੜੀਦਾਰ, ਸਮਰਥਾ

(B) ਚਿਹਨ, ਸੰਰਚਨਾ, ਦੁਵੱਲੇ, ਵਿਰੋਧ

(C) ਲੈਂਗ, ਪੈਰੋਲ, ਪਿਜਨ

(D) ਚਿਹਨਿਤ, ਦੁਕਾਲਕ, ਲੱਖਣਾਰਥ

**6.** **(A) ਕਥਨ :** ਇਕ ਭਾਸ਼ਾ-ਪਰਿਵਾਰ ਦੀ ਭਾਸ਼ਾ ਦੀ ਵਣਤਰ ਦਾ ਵਰਤਾਰਾ ਕਿਸੇ ਦੂਜੇ ਭਾਸ਼ਾ-ਪਰਿਵਾਰ ਦੀ ਭਾਸ਼ਾ ਨਾਲ ਮੇਲ ਖਾ ਸਕਦਾ ਹੈ ।

**(R) ਕਾਰਨ :** ਕਿਉਂਕਿ ਭਾਸ਼ਾ-ਪਰਿਵਾਰਦਾ ਸੰਬੰਧ ਭਾਸ਼ਾ ਦੇ ਇਤਿਹਾਸ ਤੇ ਭਾਸ਼ਾ ਦੀ ਜਨਨਿਕਤਾ ਨਾਲ ਹੈ, ਇਸ ਲਈ ਭਾਸ਼ਾ-ਪਰਿਵਾਰ ਦੇ ਪੱਖ ਤੋਂ ਵੱਖਰੀਆਂ ਭਾਸ਼ਾਵਾਂ ਦੀਆਂ ਵਣਤਰਾਂ ਦੀ ਆਪਸੀ ਸਾਂਝ ਹੁੰਦੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਠੀਕ ਹੈ, (R) ਗ਼ਲਤ ਹੈ

(B) (A) ਅਤੇ (R) ਦੋਵੇਂ ਠੀਕ ਹਨ

(C) (A) ਠੀਕ ਹੈ, (R) ਆਂਸ਼ਿਕ ਠੀਕ ਹੈ

(D) (A) ਅਤੇ (R) ਦੋਵੇਂ ਗ਼ਲਤ ਹਨ

**7.** 

| | ਸੂਚੀ-I | ਸੂਚੀ-II |
|---|---|---|
| a. | ਨਿਕਟ ਅੰਗ ਵਿਸ਼ਲੇਸ਼ਣ | 1. ਨੋਮ ਚੌਮਸਕੀ |
| b. | ਮਟੈਫਰ ਤੇ ਮੈਟਾਨਮੀ | 2. ਰੋਮਨ ਯਾਕਬਸਨ |
| c. | ਕਾਰਡੀਨਲ ਸ੍ਵਰ | 3. ਬਲੂਮਫੀਲਡ |
| d. | ਵਾਕੰਸ਼ ਵਣਤਰ | 4. ਡੇਨੀਅਲ ਜੋਨਜ਼ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 3 | 2 | 4 | 1 |
| (B) | 2 | 3 | 4 | 1 |
| (C) | 1 | 2 | 3 | 4 |
| (D) | 4 | 3 | 2 | 1 |

**8.** ਪੰਜਾਬੀ ਵਿਚ ਗ਼ ਤੇ ਸ਼ ਕਿਸ ਪ੍ਰਭਾਵ ਵਾਲੀਆਂ ਧੁਨੀਆਂ ਹਨ :

(A) ਸੰਸਕ੍ਰਿਤ ਤੇ ਅਰਬੀ

(B) ਫ਼ਾਰਸੀ ਤੇ ਉਰਦੂ

(C) ਫ਼ਾਰਸੀ ਤੇ ਸੰਸਕ੍ਰਿਤ

(D) ਹਿੰਦੀ ਤੇ ਫ਼ਾਰਸੀ

**9.** ਉਪਭਾਸ਼ਾ ਦਾ ਸੰਬੰਧ ਹੈ :

(A) ਜਾਤ ਤੇ ਬਰਾਦਰੀ ਨਾਲ

(B) ਲਿੰਗ ਅਤੇ ਜਾਤੀ-ਭੇਦ ਨਾਲ

(C) ਇਲਾਕੇ ਤੇ ਭੂਗੋਲ ਨਾਲ

(D) ਕਿੱਤਾ ਤੇ ਲਿੰਗ ਨਾਲ

**10.** ‘ਪਰਾਹਨ’ ਸੰਕਲਪ ਦਾ ਸੰਬੰਧ ਹੈ :

(A) ਚਿੰਨ੍ਹ-ਵਿਗਿਆਨ ਨਾਲ

(B) ਸ਼ੈਲੀ-ਵਿਗਿਆਨ ਨਾਲ

(C) ਸਮਾਜ-ਭਾਸ਼ਾ ਵਿਗਿਆਨ ਨਾਲ

(D) ਉਪਭਾਸ਼ਾ-ਵਿਗਿਆਨ ਨਾਲ

**11.** ਅਰਥ-ਪਰਿਵਰਤਨ ਦੀਆਂ ਦਿਸ਼ਾਵਾਂ ਦਾ ਸਹੀ ਜੁੱਟ ਹੈ :

(A) ਅਰਥ-ਸੰਕੋਚ, ਅਰਥ-ਅਪਕਰਸ਼, ਅਰਥ-ਵਿਸਤਾਰ

(B) ਅਰਥ-ਉਤਕਰਸ਼, ਅਰਥ-ਸੰਕੋਚ, ਭਾਵ-ਸੰਜਮ

(C) ਅਰਥ-ਅਪਕਰਸ਼, ਅਰਥ-ਵਿਸਤਾਰ, ਅਰਥ-ਪਰਿਵਰਤਨ

(D) ਅਰਥ-ਸੰਕੋਚ, ਅਰਥ-ਵਿਸਤਾਰ, ਅਰਥ-ਦੋਸ਼

12. ਸੂਚੀ-I ਸੂਚੀ-II

| | ਸੂਚੀ-I | | ਸੂਚੀ-II |
|---|---|---|---|
| a. | Socio-linguistics | 1. | C.F. Hockett |
| b. | Grammar | 2. | Palmer Frank |
| c. | Historical Linguistics : An Introduction | 3. | W.H. Lehmann |
| d. | A course in Modern Linguistics | 4. | J.A. Fishman |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 3 | 2 | 4 | 1 |
| (C) | 2 | 3 | 1 | 2 |
| (D) | 4 | 2 | 3 | 1 |

13. ਸੂਚੀ-I ਸੂਚੀ-II

| | ਸੂਚੀ-I | | ਸੂਚੀ-II |
|---|---|---|---|
| a. | Teach Yourself Punjabi | 1. | E.P. Newton |
| b. | A Start in Punjabi | 2. | Hardev Bahri |
| c. | The Articulatory and Acoustic structure of Punjabi Consonants | 3. | H.S. Gill |
| d. | Punjabi Manual Grammar | 4. | Balbir Singh Sandhu |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 3 | 2 | 1 |
| (B) | 3 | 4 | 1 | 2 |
| (C) | 2 | 3 | 4 | 1 |
| (D) | 1 | 2 | 3 | 4 |

14. ਈਡੀਪਸ ਮਨੋਗ੍ਰੰਥੀ ਦਾ ਸੰਬੰਧ ਹੈ :

(A) ਧੀ ਦੀ ਪਿਤਾ ਪ੍ਰਤਿ ਖਿੱਚ

(B) ਪੁੱਤਰ ਦੀ ਮਾਂ ਪ੍ਰਤਿ ਖਿੱਚ

(C) ਦਿਓਰ ਦੀ ਭਰਜਾਈ ਪ੍ਰਤਿ ਖਿੱਚ

(D) ਭਰਾ ਦੀ ਭੈਣ ਪ੍ਰਤਿ ਖਿੱਚ

15. ਸਾਹਿਤ-ਵਿਸ਼ਲੇਸ਼ਣ ਲਈ ਸੰਰਚਨਾਵਾਦੀ ਪ੍ਰਣਾਲੀ ਦਾ ਮੁੱਖ ਪ੍ਰਯੋਜਨ ਹੈ :

(A) ਰੂਪਾਕਾਰ ਦੇ ਵਿੱਲਖਣ ਪੱਖਾਂ ਦੀ ਖੋਜ

(B) ਬੁਣਤ ਤੇ ਬਣਤਰ ਦੀ ਪਛਾਣ

(C) ਰੂਪ ਤੇ ਪ੍ਰਕਾਰਜ ਦੀ ਪ੍ਰਕਿਰਤੀ

(D) ਉਪਰੋਕਤ ਸਾਰੇ

16. ਸ਼ਾਬਦਿਕ ਕਲਾ ਦਾ ਅਭਿਵਿਅਕਤੀ-ਮਾਧਿਅਮ ਹੈ :

(A) ਸ਼ਬਦ ਤੇ ਭਾਸ਼ਾ

(B) ਸੰਗੀਤ ਤੇ ਨਾਚ

(C) ਅਭਿਨੈ ਤੇ ਸੰਬਾਦ

(D) ਧੁਨੀ ਤੇ ਰੰਗ

**17.** ਕਿਸ ਨਾਵਲ-ਝੁੱਟ ਵਿਚ ਚੇਤਨਾ ਪ੍ਰਵਾਹ ਦੀ ਵਰਤੋਂ ਹੋਈ ਹੈ :

(A) ਪਵਿੱਤਰ ਪਾਪੀ, ਪੂਰਨਮਾਸ਼ੀ, ਅੱਧ ਚਾਨਣੀ ਰਾਤ

(B) ਪੁੰਨਿਆ ਕਿ ਮੱਸਿਆ, ਖਾਲੀ ਪਿਆਲਾ, ਇਕ ਹੋਰ ਨਵਾਂ ਸਾਲ

(C) ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ, ਪਿਉ ਪੁੱਤਰ, ਚਿੱਟਾ ਲਹੂ

(D) ਕੋਠੇ ਖੜਕ ਸਿੰਘ, ਰਾਤ ਤੇ ਰਾਹੀ, ਖਾਜ

**18.** ਸਾਹਿਤ ਵਿਚ ਕਾਵਿਕ ਸੱਚ ਦਾ ਸਿਧਾਂਤ ਕਿਸ ਨੇ ਪੇਸ਼ ਕੀਤਾ :

(A) ਟੀ-ਐਸ. ਏਲੀਅਟ

(B) ਜੌਨਜਾਈਨਸ

(C) ਅਰਸਤੂ

(D) ਮੈਥਿਊ ਆਰਨਲਡ

**19.** ਵਿਭਾਵ, ਅਨੁਭਾਵ ਤੇ ਸੰਚਾਰੀ ਭਾਵ ਕਿਸ ਅਵਸਥਾ ਨਾਲ ਸੰਬੰਧਿਤ ਹਨ :

(A) ਵਿਰੇਚਨ

(B) ਸਾਧਾਰਨੀਕਰਨ

(C) ਸੰਵੇਗ

(D) ਪੁਰਸ਼ਾਰਥ

**20.** ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਦਾ ਪ੍ਰਭਾਵ ਸੀ :

(A) ਸਾਹਿਤ-ਆਲੋਚਨਾ ਵਿਚ ਇਤਿਹਾਸਵਾਦੀ ਰੁਚੀ

(B) ਸਾਹਿਤ ਵਿਸ਼ਲੇਸ਼ਣ ਵਿਚ ਦੇਸ਼-ਕਾਲ ਦੀ ਸੰਬੰਧਕਤਾ

(C) ਸਾਹਿਤਕ ਸੌਂਦਰਯ ਵਿਚ ਕਲਾ-ਕਿਰਤ ਦੀ ਪ੍ਰਮੁਖਤਾ

(D) ਸਾਹਿਤਕ ਕੀਮਤਾਂ ਵਿਚ ਦੇਸ਼-ਕਾਲ ਦੀ ਅੱਡਰਤਾ

**21.**

| | **ਸੂਚੀ-I** | | **ਸੂਚੀ-II** |
|---|---|---|---|
| a. | ਧਰਮ, ਜਸ, ਕਲਿਆਣ | 1. | ਮੰਮਟ |
| b. | ਧਰਮ, ਅਰਥ, ਕਾਮ, ਮੋਕਸ਼ | 2. | ਵਿਸ਼ਵ ਨਾਥ |
| c. | ਕਾਂਤਾ ਸੰਮਿਤ ਉਪਦੇਸ਼ | 3. | ਭਰਤ ਮੁਨੀ |
| d. | ਰਸਮਈ ਵਾਕ | 4. | ਭਾਮਹ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 1 | 4 |
| (B) | 3 | 4 | 1 | 2 |
| (C) | 4 | 3 | 2 | 1 |
| (D) | 2 | 4 | 3 | 1 |

22. **(A) ਕਥਨ :** ਪ੍ਰਭਾਵਵਾਦੀ ਆਲੋਚਨਾ ਵਿਚ ਵਿਅਕਤੀਗਤ ਰੁਚੀ ਤੇ ਨਿਜੀ ਜੀਵਨ ਦਰਸ਼ਨ ਉਪਰ ਵਧੇਰੇ ਬਲ ਹੁੰਦਾ ਹੈ, ਜਿਸ ਕਾਰਨ ਇਸ ਵਿਚ ਵਸਤੂਨਿਸ਼ਠ ਰੁਚੀ ਦੀ ਘਾਟ ਰਹਿੰਦੀ ਹੈ ।

**(R) ਕਾਰਨ :** ਪਰ ਆਲੋਚਕ ਕਿਸੇ ਦੀ ਆਲੋਚਨਾ ਪ੍ਰਣਾਲੀ ਦੀ ਵਰਤੋਂ ਕਰੇ ਉਹ ਪ੍ਰਭਾਵਵਾਦੀ ਰੁਚੀ ਤੋਂ ਮੁਕਤ ਨਹੀਂ ਹੋ ਸਕਦਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਆਂਸ਼ਿਕ ਸਹੀ ਹੈ

(B) (A) ਅਤੇ (R) ਦੋਵੇਂ ਸਹੀ ਹਨ

(C) (A) ਅਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ ਅਤੇ (R) ਗ਼ਲਤ ਹੈ

23. ਕਿੱਸਾ ਰਚਨਾ-ਰੂਪ ਦੇ ਮੁੱਖ ਲੱਛਣ ਹਨ :

(A) ਰੁਮਾਂਸ, ਲੋਕ ਵੇਦ, ਬਹੁਜਨ ਸੁਖਾਇ

(B) ਕਾਮ-ਪ੍ਰਵਿਰਤੀ, ਲੋਕਪ੍ਰਿਅ ਸ਼ੈਲੀ, ਲੌਕਿਕਤਾ

(C) ਜਾਤੀ-ਘਟਨਾਵਾਂ, ਅਧਿਆਤਮਵਾਦ, ਮਸਨਵੀ ਰੂਪ

(D) ਰੀਤੀ-ਰਿਵਾਜ, ਲੋਕ ਵਿਸ਼ਵਾਸ, ਭਾਵ ਧਾਰਾਵਾਂ

24. ਵਰਨਮਾਲਾ ਉਪਰ ਆਧਾਰਿਤ ਕਾਵਿ-ਰੂਪ ਹਨ :

(A) ਬਾਵਨ ਅੱਖਰੀ, ਸੀਹਰਫ਼ੀ, ਪੱਟੀ, ਛੰਤ

(B) ਬਾਵਨ ਅੱਖਰੀ, ਪੱਟੀ, ਸੀਹਰਫ਼ੀ, ਪੈਂਤੀ ਅੱਖਰੀ

(C) ਸੀਹਰਫ਼ੀ, ਕਾਫ਼ੀ, ਬਾਰਹਮਾਹ, ਰੁੱਤੀ

(D) ਪੱਟੀ, ਥਿਤੀ, ਦਿਨ ਰੈਣਿ, ਸ਼ਲੋਕ

25. ਸ਼ਬਦ ਸ਼ਕਤੀਆਂ ਦਾ ਸਹੀ ਜੁੱਟ ਹੈ :

(A) ਅਭਿਧਾਰਥ, ਲੱਖਣਾਰਥ, ਵਿਅੰਗਾਰਥ

(B) ਅਭਿਧਾ, ਲਕਸ਼ਣਾ, ਵਿਅੰਜਨਾ

(C) ਅਭਿਧਾ, ਲਕਸ਼ਣਾ, ਵਿਅੰਜਨਾ, ਤਾਤਪਰਯ

(D) ਯੋਗ, ਰੂੜ੍ਹੀ, ਯੋਗ ਰੂੜ੍ਹੀ

26. ਮੱਧਕਾਲੀ ਸੰਵੇਦਨਾ ਤੋਂ ਭਾਵ ਹੈ :

(A) ਯਥਾਰਥਵਾਦੀ, ਅਧਿਆਤਮਿਕ, ਮਾਨਵ-ਕੇਂਦ੍ਰਿਤ ਸੋਚ

(B) ਵਿਸ਼ਵਾਸ-ਆਧਾਰੀ, ਰੱਬ-ਕੇਂਦ੍ਰਿਤ, ਅਧਿਆਤਮਵਾਦੀ ਸੋਚ

(C) ਸ਼ੰਕਾਵਾਦੀ, ਤਾਰਕਿਕ, ਮਾਨਵ-ਕੇਂਦ੍ਰਿਤ ਸੋਚ

(D) ਵਿਸ਼ਵਾਸ-ਆਧਾਰੀ, ਤਾਰਕਿਕ, ਸ਼ੰਕਾਵਾਦੀ ਸੋਚ

27. ਪੰਜਾਬੀ ਕਿੱਸਾ-ਕਾਵਿ ਦੇ ਪ੍ਰਮੁਖ ਛੰਦ ਹਨ :

(A) ਬੈਂਤ, ਦਵੱਯਾ, ਨਿਸ਼ਾਨੀ, ਕਬਿੱਤ

(B) ਬੈਂਤ, ਦਵੱਯਾ, ਸੱਦ, ਕਲੀ

(C) ਦਵੱਯਾ, ਕਲੀ, ਕਬਿੱਤ, ਸਿਰਖੰਡੀ

(D) ਬੈਂਤ, ਸਿਰਖੰਡੀ, ਸੱਦ, ਸੋਰਠਾ

28. ਪ੍ਰਗਤੀਵਾਦੀ ਲਹਿਰ ਦੇ ਸਾਹਿਤਕ ਪ੍ਰਭਾਵ ਹਨ :

(A) ਸ਼੍ਰੇਣੀ ਸੰਘਰਸ਼, ਜਥਾਰਥ ਚੇਤਨਾ, ਭੌਤਿਕਵਾਦੀ ਸੋਚ

(B) ਸ਼੍ਰੇਣੀ ਸੰਘਰਸ਼, ਦਵੰਦਵਾਦੀ ਵਿਚਾਰਧਾਰਾ, ਰੋਮਾਂਚਿਕਤਾ

(C) ਸਮਾਜਕ ਤਬਦੀਲੀ, ਭੌਤਿਕਵਾਦੀ ਸੋਚ, ਕਲਾਤਮਕਤਾ

(D) ਯਥਾਰਥ ਚੇਤਨਾ, ਕਲਾਤਮਕਤਾ, ਰੋਮਾਂਚਿਕਤਾ

29. ਪੰਜਾਬੀ ਸੂਫ਼ੀ ਕਵਿਤਾ ਤੇ ਮੁੱਖ ਕਾਵਿ-ਰੂਪ ਹਨ :

(A) ਕਾਫੀ, ਕਿੱਸਾ, ਸੀਹਰਫ਼ੀ, ਡਿਓਢ

(B) ਸਤਵਾਰਾ, ਬਾਰਹਮਾਹ, ਗ਼ਜ਼ਲ, ਰੁਬਾਈ

(C) ਕਾਫੀ, ਡਿਓਢ, ਗੰਢ, ਸੀਹਰਫ਼ੀ

(D) ਸੀਹਰਫ਼ੀ, ਡਿਓਢ, ਮਸਲੇ, ਮਿਅਰਾਜ਼ਨਾਮਾ

30. 'ਜਨਮਸਾਖੀ ਭਾਈ ਮਨੀ ਸਿੰਘ' ਦਾ ਇਕ ਹੋਰ ਨਾਂ ਹੈ :

(A) ਆਦਿ ਸਾਖੀਆਂ

(B) ਗਿਆਨ ਰਤਨਾਵਲੀ

(C) ਪ੍ਰਾਚੀਨ ਪੰਥ ਪ੍ਰਕਾਸ਼

(D) ਸੌ ਸਾਖੀ

31. **(A) ਕਥਨ :** ਸਾਹਿਤ ਇਤਿਹਾਸ-ਲੇਖਨ ਭਾਸ਼ਾ ਦਾ ਇਤਿਹਾਸ ਨਹੀਂ । ਇਹ ਸਾਹਿਤਕ ਪਾਠਾਂ ਦਾ ਵਿਸ਼ਲੇਸ਼ਣ ਵੀ ਨਹੀਂ ਹਾਲਾਂਕਿ ਇਸ ਦਾ ਇਕ ਪ੍ਰਕਾਰਜ ਪ੍ਰਮਾਣਿਕ ਪਾਠਾਂ ਦੀ ਸਥਾਪਨਾ ਹੈ । ਇਹ ਸਾਹਿਤ ਆਲੋਚਨਾ ਵੀ ਨਹੀਂ ।

**(R) ਕਾਰਨ :** ਪਰ ਸਾਹਿਤ ਇਤਿਹਾਸ ਲਈ ਸਭ ਤੋਂ ਜ਼ਰੂਰੀ ਹੈ ਸਾਹਿਤ ਤੇ ਅਣ-ਸਾਹਿਤ ਦਾ ਨਿਖੇੜਾ ਤੇ ਕਿਰਤਾਂ ਦਾ ਤੁਲਨਾਤਮਕ ਮਹੱਤਵ । ਇਸ ਦ੍ਰਿਸ਼ਟੀ ਤੋਂ ਇਹ ਸਾਹਿਤ ਸਮੀਖਿਆ ਤੋਂ ਉਚੇਰਾ ਕਾਰਜ ਹੋ ਨਿਬੜਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ ਤੇ (R) ਗ਼ਲਤ ਹੈ

32. ਮਿਥ ਤੇ ਦੰਤ-ਕਥਾ ਵਿਚ ਅੰਤਰ ਦਾ ਆਧਾਰ ਹੈ :

(A) ਨਾਇਕ ਤੇ ਕਰਾਮਾਤ

(B) ਇਤਿਹਾਸ ਤੇ ਮਿਥਿਹਾਸ

(C) ਬਿਰਤਾਂਤ ਤੇ ਬਰਣਨ

(D) ਲੌਕਿਕ ਤੇ ਪਾਰਲੌਕਿਕ

**33.** ਪਸ਼ੂ ਕਥਾ ਦਾ ਸੰਬੰਧ ਕਿਸ ਨਾਲ ਹੈ :

(A) ਦੇਵੀ ਦੇਵਤੇ

(B) ਨੀਤੀ ਰਾਜਨੀਤੀ

(C) ਪਰਾ ਸਰੀਰਕਤਾ

(D) ਲੋਕ ਮਨੋਰੰਜਨ

**34.** ਕੀ ਸਹੀ ਨਹੀਂ ਹੈ :

(A) ਗਿੱਧਾ ਭੰਗੜਾ ਪੰਜਾਬ ਦੇ ਮੁੱਖ ਨਾਚ ਹਨ

(B) ਪੰਜਾਬ ਵਿਚ ਸ਼ਾਦੀ ਲਗਨ ਵੇਦੀ ਨਾਲ ਹੁੰਦੀ ਹੈ

(C) ਪੰਜਾਬ ਵਿਚ ਗੁੱਗਾ ਪੀਰ ਦੀ ਪੂਜਾ ਹੁੰਦੀ ਹੈ

(D) ਪੰਜਾਬ ਦੇ ਮੁੱਖ ਤਿਉਹਾਰ ਵਿਸਾਖੀ ਤੇ ਹੋਲਾ ਮਹੱਲਾ ਹਨ

**35.** ਸਭਿਆਚਾਰ ਦੇ ਸੰਕਲਪਾਂ ਦਾ ਸਹੀ ਸਮੂਹ ਹੈ :

(A) ਪਦਾਰਥਕ, ਗਿਆਨਾਤਮਕ, ਪ੍ਰਤਿਮਾਨਕ

(B) ਪਦਾਰਥਕਤਾ, ਸਭਿਅਤਾ, ਰੀਤੀ-ਰਿਵਾਜ

(C) ਸਮਾਜਕਤਾ, ਭੌਤਿਕਤਾ, ਗਿਆਨਾਤਮਕਤਾ

(D) ਪੁਰਾਤੱਤਵ, ਮਾਨਵੀ ਇਤਿਹਾਸ, ਸਮਕਾਲੀਨਤਾ

**36.**

| | **ਸੂਚੀ-I** | | **ਸੂਚੀ-II** |
|---|---|---|---|
| a. | Balwant Gargi | 1. | A Glossary of Castes and Tribes of the Punjab and North West Frontier Province |
| b. | Sohinder Singh Bedi | 2. | The Legends of the Punjab |
| c. | H.A. Rose | 3. | Folklore of Punjab |
| d. | R.C. Temple | 4. | Folk Theatre of India |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 4 | 3 | 1 | 2 |
| (B) | 4 | 2 | 1 | 3 |
| (C) | 2 | 3 | 1 | 4 |
| (D) | 3 | 2 | 4 | 1 |

**37.** ਜਨਮ ਤੋਂ ਮਰਨ ਤਕ ਲੋਕ-ਰੀਤਾਂ ਦਾ ਸਹੀ ਕ੍ਰਮ ਹੈ :

(A) ਗੁੜ੍ਹਤੀ, ਪਾਣੀ ਵਾਰਨਾ, ਰਸਮ ਪਗੜੀ, ਵਰ੍ਹੀਣਾ

(B) ਗੁੜ੍ਹਤੀ, ਦਸਤਾਰਬੰਦੀ, ਫੁੱਲ ਚੁਗਣੇ, ਖਾਰੇ ਚੜ੍ਹਨਾ

(C) ਗੁੜ੍ਹਤੀ, ਮੁੰਡਨ, ਘੋੜੀ ਚੜ੍ਹਨਾ, ਨਾਮਕਰਨ

(D) ਗੁੜ੍ਹਤੀ, ਨਾਮਕਰਨ, ਮਾਈਆਂ, ਉਠਾਲ੍ਹਾ

**38.** ਧਾਰਮਿਕ ਲੋਕ ਗੀਤਾਂ ਦਾ ਸਹੀ ਜੁੱਟ ਹੈ :

(A) ਪਿਆਰ ਗੀਤ, ਸੂਰਮਗਤੀ ਦੇ ਗੀਤ, ਬੱਚਿਆਂ ਦੇ ਗੀਤ, ਕਾਰਜਗਤ ਗੀਤ

(B) ਪਿਆਰ ਗੀਤ, ਭੇਂਟ, ਭਜਨ, ਸੂਰਮਗਤੀ ਦੇ ਗੀਤ

(C) ਭਜਨ, ਭੇਂਟ, ਨਾਅਤ, ਹਮਦ

(D) ਨਾਅਤ, ਕਾਰਜਗਤ ਗੀਤ, ਪ੍ਰੇਮ ਗੀਤ, ਨ੍ਰਿਤ ਗੀਤ

**39.** ਲੋਕ ਰੂੜ੍ਹੀਆਂ ਦਾ ਸਹੀ ਜੁੱਟ ਹੈ :

(A) ਹੋਲੀ, ਪੰਜ ਪੀਰ, ਸੁਪਨੇ ਵਿਚ ਮੋਹਿਤ ਹੋਣਾ, ਬੇਘਰੇ ਹੋਣਾ

(B) ਸੱਤ ਸਮੁੰਦਰ, ਪਹਿਲੀ ਨਜ਼ਰੇ ਪਿਆਰ, ਸਮਾਜਕ ਟੱਕਰ, ਚਾਰ ਯਾਰ

(C) ਪਹਿਲੀ ਨਜ਼ਰੇ ਪਿਆਰ, ਬੇਘਰੇ ਹੋਣਾ, ਨਾਇਕ ਦੀ ਮੌਤ, ਸੱਠ ਸਹੇਲੀਆਂ

(D) ਪੰਜ ਪੀਰ, ਚਾਰ ਯਾਰ, ਸੱਠ ਸਹੇਲੀਆਂ, ਨਾਇਕਾ ਦੀ ਮੌਤ

**40.** ਲੋਕ ਸਾਹਿਤ ਦੀ ਸਾਹਿਤ ਨਾਲੋਂ ਭਿੰਨਤਾ ਦੇ ਮੁੱਖ ਪੱਖ ਹਨ :

(A) ਵਿਅਕਤੀਮੁਖਤਾ, ਸਮੂਹਕਤਾ, ਮੌਖਿਕਤਾ

(B) ਮੌਖਿਕਤਾ, ਲੋਕ ਮਾਨਸਿਕਤਾ, ਸਮੂਹਕਤਾ

(C) ਨਿੱਜਤਾ, ਅਨੁਭਵਮੂਲਕਤਾ, ਸ਼ੈਲੀਗਤ ਵਿਲੱਖਣਤਾ

(D) ਲੋਕ ਮਾਨਸਿਕਤਾ, ਵਿਅਕਤੀਮੂਲਕਤਾ, ਪ੍ਰਤੀਕਾਤਮਕਤਾ

**41.** ਲੋਕ ਵਾਰ ਰੂਪ ਦੇ ਪ੍ਰਮੁਖ ਲੱਛਣ ਹਨ :

(A) ਮੰਗਲਾਚਰਨ, ਨਾਇਕ ਦਾ ਬੇਘਰ ਹੋਣਾ, ਕਰਾਮਾਤੀ ਅੰਸ਼, ਯੁੱਧ ਚਿੱਤਰਨ

(B) ਮੰਗਲਾਚਰਨ, ਪਉੜੀ, ਨਾਇਕ ਦਾ ਬੇਘਰ ਹੋਣਾ, ਮਹਾਤਮ

(C) ਨੇਕੀ ਦੀ ਜਿੱਤ, ਸੂਰਮਗਤੀ ਦਾ ਚਿੱਤਰਨ, ਸਥਾਨਿਕ ਨਾਇਕ, ਕਾਵਿਕ ਨਿਆਂ

(D) ਮਹਾਤਮ, ਯੁੱਧ ਚਿੱਤਰਨ, ਮਾਨਵੀਕਰਨ, ਕਾਵਿਕ ਨਿਆਂ

**42.** ਪੰਜਾਬੀ ਦੇ ਪ੍ਰਾਪਤ ਸਾਹਿਤ-ਇਤਿਹਾਸਾਂ ਦਾ ਕਿਹੜਾ ਵਰਗੀਕਰਨ ਸਹੀ ਹੈ :

(A) ਰੂਪਮੂਲਕ, ਪ੍ਰਵਿਰਤੀਮੂਲਕ, ਸ੍ਰੋਤਮੂਲਕ ਅਤੇ ਆਲੋਚਨਾਤਮਕ

(B) ਧਰਮ-ਮੂਲਕ, ਪ੍ਰਵਿਰਤੀਮੂਲਕ, ਸ੍ਰੋਤ ਮੂਲਕ ਅਤੇ ਵਿਸ਼ਾ-ਮੂਲਕ

(C) ਰਾਜਨੀਤੀ-ਮੂਲਕ, ਰੂਪ-ਮੂਲਕ, ਲੇਖਕ-ਮੂਲਕ ਅਤੇ ਆਲੋਚਨਾਤਮਕ

(D) ਕਾਲਮੂਲਕ, ਲੇਖਕ-ਮੂਲਕ, ਵਿਸ਼ਾ-ਮੂਲਕ ਅਤੇ ਪ੍ਰਵਿਰਤੀ ਮੂਲਕ

**43.** **(A) ਕਥਨ :** ਕਾਵਿ ਜਾਂ ਸਾਹਿਤ ਅਧਿਐਨ ਵਿਚ ਅਸੀਂ ਅਕਸਰ ਇਹ ਵਿਚਾਰ ਕਰਦੇ ਹਾਂ ਕਿ ਅੱਜ ਲੇਖਕ ਤੇ ਪਾਠਕ ਵਿਚ ਦੂਰੀ ਬਹੁਤ ਵਧਦੀ ਜਾ ਰਹੀ ਹੈ । ਲੇਖਕਾਂ ਨੂੰ ਪਾਠਕਾਂ ਬਾਰੇ ਸੁਚੇਤ ਹੋ ਕੇ ਲਿਖਣਾ ਚਾਹੀਦਾ ਹੈ ।

**(R) ਕਾਰਨ :** ਪਰ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬੀ ਆਲੋਚਨਾ ਆਪਣੇ ਪਾਠਕਾਂ ਦੀ ਰੁਚੀ ਨੂੰ ਵਿਕਸਿਤ ਕਰਨ ਵਿਚ ਅਸਮਰੱਥ ਰਹੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਗ਼ਲਤ ਹੈ, (R) ਸਹੀ ਹੈ

(B) (A) ਸਹੀ ਹੈ, (R) ਆਂਸ਼ਿਕ ਸਹੀ ਹੈ

(C) (A) ਅਤੇ (R) ਦੋਵੇਂ ਸਹੀ ਹਨ

(D) (A) ਅਤੇ (R) ਦੋਵੇਂ ਗ਼ਲਤ ਹਨ

**44.** ਸਟਾਈਲ ਸ਼ੀਟ ਦੇ ਘੇਰੇ ਵਿਚ ਨਹੀਂ ਹੈ :

(A) ਵਿਸ਼ਰਾਮ ਚਿੰਨ੍ਹ ਤੇ ਲਿਖਣ ਵਿਧੀ

(B) ਪੁਸਤਕ-ਸੂਚੀ ਤੇ ਹਵਾਲੇ

(C) ਹਵਾਲੇ ਤੇ ਟਿੱਪਣੀਆਂ

(D) ਪ੍ਰਸਤਾਵਨਾ ਤੇ ਪਰਿਸ਼ਿਸ਼ਟ

**45.** ਕਿਹੜਾ ਜੁੱਟ ਸਹੀ ਹੈ :

(A) ਮਨੋਵਿਸ਼ਲੇਸ਼ਣੀ ਵਿਧੀ : ਸਿਗਮੰਡ ਫਰਾਇਡ, ਯਕ ਲਾਕਾਂ, ਐਲਿਕਬਥ ਰਾਈਟ

(B) ਚਿਹਨ-ਵਿਗਿਆਨਕ ਵਿਧੀ : ਰੋਲਾਂ ਬਾਰਤ, ਅਲਥਿਉਸਰ, ਕਲਾਦ ਲੈਵੀਸਤ੍ਰਾਸ

(C) ਮਾਰਕਸਵਾਦੀ ਵਿਧੀ : ਰੇਮੰਡ ਵਿਲੀਅਮ, ਜਾਰਜ ਲੁਕਾਚ, ਯਕ ਲਾਕਾਂ

(D) ਉੱਤਰ-ਆਧੁਨਿਕਤਾਵਾਦ : ਯਾਂ ਫਰਾਂਸਿਸ ਲਿਉਤਾਰਦ, ਯਾਂ ਬੋਦਰੀਬਾਰਦ, ਟੈਰੀ ਈਗਲਟਨ

**46.** ਪੰਜਾਬੀ ਆਲੋਚਨਾ ਨਾਲ ਸੰਬੰਧਿਤ ਰਸਾਲਿਆਂ ਦਾ ਜੁੱਟ ਸਹੀ ਹੈ :

(A) ਅਣੂ, ਕਹਾਣੀ ਪੰਜਾਬ, ਪਰਖ, ਸ਼ਬਦ ਬੂੰਦ

(B) ਸ਼ਬਦ, ਆਲੋਚਨਾ, ਸਮਦਰਸ਼ੀ, ਫਿਲਹਾਲ

(C) ਕਹਾਣੀਧਾਰਾ, ਖੋਜ ਦਰਪਣ, ਅਣੂ, ਜਨ ਸਾਹਿਤ

(D) ਪ੍ਰਵਚਨ, ਖੋਜ ਪਤ੍ਰਿਕਾ, ਪੰਜਾਬੀ ਦੁਨੀਆਂ, ਸਿਰਜਣਾ

**47.** ਖੋਜ-ਵਿਧੀ ਵਿਗਿਆਨ ਦੇ ਮੁੱਖ ਸੰਕਲਪ ਹਨ :

(A) ਵਿਆਖਿਆ-ਸ਼ਾਸਤਰ, ਸਟਾਈਲ-ਸ਼ੀਟ, ਹਵਾਲੇ, ਪਾਦ-ਟਿੱਪਣੀ

(B) ਸਟਾਈਲ-ਸ਼ੀਟ, ਨਿਸ਼ਕਰਸ਼, ਭੂਮਿਕਾ, ਸਮਰਪਣ

(C) ਪੁਸਤਕ-ਸੂਚੀ, ਸੰਕੇਤਾਵਲੀ, ਪਾਦ-ਟਿੱਪਣੀ, ਨਿਸ਼ਕਰਸ਼

(D) ਅਧਿਆਇ-ਵੰਡ, ਸਟਾਈਲ-ਸ਼ੀਟ, ਵਿਸ਼ੇ-ਸੂਚੀ, ਹਵਾਲੇ

**ਪੈਰਾ**

ਵਾਰਤਕ ਦੇ ਕਵਿਤਾ ਦੀ ਪ੍ਰਕਿਰਤੀ ਅੱਡ ਅੱਡ ਹੈ ਪਰ ਕਈ ਵਿਦਵਾਨ ਇਨ੍ਹਾਂ ਵਿਚ ਸਪਸ਼ਟ ਵੰਡ-ਰੇਖਾ ਨਾ ਖਿੱਚ ਕੇ ਵੱਖ ਵੱਖ ਲੱਛਣਾਂ ਦਾ ਵਰਨਣ ਹੀ ਕਰਦੇ ਹਨ ।

ਇਨ੍ਹਾਂ ਦਾ ਲਾਛਣਿਕ ਅੰਤਰ ਸ਼ੈਲੀਗਤ ਹੈ । ਵਾਰਤਕ ਉਕਤੀ-ਕਲਾ ਹੈ ਤੇ ਕਵਿਤਾ ਵਿਅੰਜਨਾਤਮਕ ਕਲਾ । ਵਾਰਤਕ ਵਿਚ ਚਾਲ ਦੀ ਸੁੰਦਰਤਾ ਹੈ ਤੇ ਕਵਿਤਾ ਵਿਚ ਲੈਅ ਤੇ ਸੰਗੀਤ ਦੀ । ਵਾਰਤਕ ਬੌਧਿਕ ਲਿਖਤ ਹੈ ਜਦ ਕਿ ਕਵਿਤਾ ਕਾਲਪਨਿਕ ਤੇ ਭਾਵੁਕਾ ਵਾਰਤਕ ਵਧੇਰੇ ਸੰਚਾਰਮੁਖੀ ਹੈ, ਇਸ ਲਈ ਵਧੇਰੇ ਅਭਿਧਾ ਪ੍ਰਧਾਨ ਹੈ ਜਦ ਕਿ ਕਵਿਤਾ ਦੀ ਭਾਸ਼ਾ ਵਧੇਰੇ ਅਲੰਕਾਰਕ, ਚਿੱਤਰਾਤਮਕ ਤੇ ਪ੍ਰਤੀਕਾਤਮਕ ਹੁੰਦੀ ਹੈ ।

ਵਾਰਤਕ ਤੇ ਕਵਿਤਾ ਦੇ ਅੰਤਰ ਦਾ ਇਕ ਆਧਾਰ ਵਿਆਕਰਨ ਹੋ ਸਕਦਾ ਹੈ । ਵਾਰਤਕ ਵਿਚ ਵਿਆਕਰਨ ਨਿਜਮਾਂ ਦੀ ਪੂਰੀ ਪਾਲਣਾ ਹੁੰਦੀ ਹੈ ਜਦ ਕਿ ਕਵਿਤਾ ਵਿਚ ਵਿਚਲਣ ਦੀ ਪ੍ਰਵਿਰਤੀ ਦਿਖਾਈ ਦਿੰਦੀ ਹੈ । ਕਵਿਤਾ, ਸਿਰਜਣਾਤਮਕ ਅਭਿਵਿਅਕਤੀ ਹੈ ਅਤੇ ਵਾਰਤਕ ਰਚਨਾਤਮਕ ਅਭਿਵਿਅਕਤੀ ਹੈ । ਏਥੇ ਵੀ ਇਹ ਇਕ ਦੂਜੇ ਦੇ ਵਿਰੋਧੀ ਨਹੀਂ । ਇਨ੍ਹਾਂ ਵਿਚ ਮਾਨਸਕਿ ਅੰਤਰ ਹੈ । ਇਕ ਸੰਗਠਨਮਈ ਹੈ ਅਤੇ ਦੂਜਾ ਸਿਰਜਣਮਈ ।

**48.** ਉਪਰੋਕਤ ਪੈਰੇ ਅਨੁਸਾਰ ਕਵਿਤਾ ਦੀ ਪ੍ਰਕਿਰਤੀ ਹੈ :

(A) ਮਾਨਸਿਕ, ਭਾਵੁਕ, ਵਿਚਲਣਮਈ

(B) ਵਿਅੰਜਨਾ ਪ੍ਰਧਾਨ, ਸੰਗਠਨਮਈ, ਜਜ਼ਬਾ ਪ੍ਰਧਾਨ

(C) ਸਿਰਜਨਾਤਮਕ, ਰਚਨਾਤਮਕ, ਕਲਾਤਮਕ

(D) ਵਿਸ਼ਰਜਨ, ਕਲਪਨਾ-ਪ੍ਰਧਾਨ, ਪ੍ਰਤੀਕਾਤਮਕ

**49.** ਉਪਰੋਕਤ ਪੈਰੇ ਅਨੁਸਾਰ ਵਾਰਤਕ ਦੇ ਮੁੱਖ ਲੱਛਣ ਹਨ :

(A) ਸੰਚਾਰਮਈ, ਚਿੰਤਨਮਈ, ਤਰਕਮਈ, ਵਿਵਾਦਮਈ

(B) ਵਿਅੰਜਨਾਤਮਕਤਾ, ਵਿਚਾਰਾਤਮਕਤਾ, ਕਾਲਪਨਿਕਤਾ, ਭਾਵੁਕਤਾ

(C) ਵਹਾਉ, ਬੌਧਿਕਤਾ, ਅਭਿਧਾਮੂਲਕ, ਵਿਆਕਰਨ ਪ੍ਰਧਾਨ

(D) ਕਲਪਨਾ ਪ੍ਰਧਾਨ, ਸੰਚਾਰ ਪ੍ਰਧਾਨ, ਵਿਆਕਰਨ-ਪ੍ਰਧਾਨ, ਉਕਤੀ-ਪ੍ਰਧਾਨ

**50.** ਉਪਰੋਕਤ ਪੈਰੇ ਅਨੁਸਾਰ ਕਵਿਤਾ ਤੇ ਵਾਰਤਕ ਦੇ ਅੰਤਰ ਦਾ ਆਧਾਰ ਹੈ :

(A) ਸ਼ੈਲੀ, ਛੰਦ, ਵਿਆਕਰਨ, ਮਾਨਸਿਕਤਾ

(B) ਸੰਚਾਰ, ਵਿਅੰਜਨਾ, ਕਲਪਨਾ, ਭਾਵੁਕਤਾ

(C) ਵਿਵਾਦ, ਤਰਕ, ਚਿੰਤਨ, ਵਹਾਉ

(D) ਸ਼ਬਦਾਰਥ, ਵਿਆਕਰਨ, ਵਿਚਾਰਾਤਮਕਤਾ, ਆਪਮੁਹਾਰਤਾ

**Space For Rough Work**